Code : 820158-$SA_1$(M)

# SUMMATIVE ASSESSMENT- 1

ਛਿਮਾਹੀ ਪ੍ਰੀਖਿਆ- SEPT ( 2015)

ਜਮਾਤ- ਅੱਠਵੀਂ

ਸਮਾਂ- 3 ਘੰਟੇ ਵਿਸ਼ਾ- ਪੰਜਾਬੀ ਕੁਲ ਅੰਕ- 90

ਜ਼ਰੂਰੀ ਹਦਾਇਤਾਂ :- 1. ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।
2. ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
3. ਲਿਖਾਈ ਸੁੰਦਰ ਤੇ ਸਾਫ਼ ਕਰੋ ।

## ਭਾਗ- ੳ (ਸਾਹਿਤ)

1. (ੳ) ਹੇਠ ਲਿਖੀਆਂ ਕਾਵਿ-ਪੰਕਤੀਆਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉਤੱਰ ਦਿਉ:-

ਸ਼ਹਿਰਾਂ ਵਾਂਗ ਵਧ ਗਏ ਨੇ, ਪਿੰਡ ਤੇ ਗਿਰਾਂ ਨੀ ।
ਮਾਲੀਆਂ ਦੇ ਸਿਰਾਂ ਉੱਤੇ, ਫੁੱਲਾਂ ਕੀਤੀ ਛਾਂ ਨੀ ।
ਸਰੂ ਜਿਹਾ ਗੱਭਰੂ ਇਹ ਪੁੱਛੇ ਮੁਟਿਆਰ ਨੂੰ ।
ਕਿੰਨੇ ਸੁੱਚੇ ਲਗਦੇ ਨੇ ਨਗ ਤੇਰੇ ਹਾਰ ਨੂੰ ।

1. ਕਵੀ ਅਤੇ ਕਵਿਤਾ ਦਾ ਨਾਂ ਲਿਖੋ ।
2. ਸ਼ਹਿਰਾਂ ਵਾਂਗ ਹੋਰ ਕੀ ਵਧ ਗਿਆ ਹੈ ?
3. ਮਾਲੀਆਂ ਦੇ ਸਿਰਾਂ ਉੱਤੇ ਕਿਸਨੇ ਛਾਂ ਕੀਤੀ ਹੈ ? (2+1+1+1=5)
4. ਗੱਭਰੂ ਮੁਟਿਆਰ ਨੂੰ ਕੀ ਪੁੱਛ ਰਿਹਾ ਹੈ ?

(ਅ) 'ਵਰਖਾ ਰੁੱਤ ਆਈ' ਕਵਿਤਾ ਦਾ ਸਾਰ ਲਿਖੋ - (5)

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉਤੱਰ 30-35 ਸ਼ਬਦਾਂ ਵਿਚ ਦਿਉ -

1. ਮਗਰਮੱਛ ਅਤੇ ਮੱਛੀਆਂ ਦੇ ਰਹਿਣ-ਸਹਿਣ ਵਿਚ ਕੀ ਅੰਤਰ ਹੈ ?
2. ਕਿਹੜੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਮਾਸਟਰ ਬੁੱਧ ਸਿੰਘ ਹੱਥੀ ਕੰਮ ਕਰਨ ਨੂੰ ਮਾੜਾ ਨਹੀਂ ਸੀ ਸਮਝਦਾ ?
3. ਪਾਠ ਵਿਚ ਬੋਤੇ ਦੀਆਂ ਕਿਹੜੀਆਂ ਸਿਫ਼ਤਾਂ ਕੀਤੀਆਂ ਗਈਆਂ ਹਨ ?
4. ਮਗਰਮੱਛਣੀ ਨੇ ਆਂਡਿਆਂ ਵਿਚੋ ਬੱਚੇ ਪੈਧਾ ਕਰਨ ਲਈ ਕੀ ਕੁਝ ਕੀਤਾ ?
5. ਕੰਵਲਨੈਣ ਗਿੱਦੜ-ਸਿੰਗੀ ਨੂੰ ਕਿੱਥੋਂ ਲੱਭਦਾ ਫਿਰਦਾ ਸੀ ?
6. 'ਆਪਣੀ ਸਵਾਰੀ ਦੀਆ ਕੀ ਰੀਸਾਂ' ਇਹ ਸ਼ਬਦ ਬਾਪੂ ਨੇ ਕਿਉਂ ਆਖੇ ?
7. ਕੰਵਲਨੈਣ ਦੀ ਤਰੱਕੀ ਦਾ ਭੇਦ ਕੀ ਸੀ ? (2x 5=10)

3. ਹੇਠ ਲਿਖੇ ਪ੍ਰਸ਼ਨਾਂ ਦੇ ਉਤੱਰ ਇਕ ਸਤਰ ਵਿਚ ਦਿਉ-

(ੳ) 'ਗੱਪਬਾਜ਼' ਪਾਠ ਅਨੁਸਾਰ ਪਿੰਡ ਦੇ ਲੋਕ ਵਿਹਲਿਆਂ ਹੋ ਕੇ ਕਿਥੇ ਆ ਬਹਿੰਦੇ ਹਨ ?

(ਅ) ਸੰਮੀ ਬ੍ਰਿਛ ਕਿਸ ਦਾ ਪ੍ਰਤੀਕ ਹੈ ?

(ੲ) 'ਕਬੱਡ' ਸ਼ਬਦ ਦਾ ਕੀ ਅਰਥ ਹੈ ?

(ਸ) ਲਾਲ ਕਿਲ੍ਹਾ ਕਿੰਨੇ ਸਾਲ ਪਹਿਲਾਂ ਗੋਲਕੰਡੇ ਦੀਆਂ ਪਹਾੜੀਆਂ ਤੇ ਸੀ ?

(ਹ) ਦੁਸ਼ਹਿਰਾ ਹੋਰ ਕਿਹੜੇ ਨਾਂ ਨਾਲ ਜਾਣਿਆਂ ਜਾਂਦਾ ਹੈ ?

(ਕ) ਭੌਂਦੂ ਮੱਲ ਦੇ ਪੁੱਤਰਾਂ ਦੇ ਨਾਂ ਲਿਖੋ ।

(ਖ) 'ਕਬੱਡੀ' ਪਾਠ ਦਾ ਲੇਖਕ ਕੌਣ ਹੈ ?

(ਗ) ਕੁੱਲੂ ਦੇ ਦੁਸ਼ਹਿਰੇ ਵਿਚ ਕਿਸਦੀ ਸਵਾਰੀ ਲਕੱੜ ਦੇ ਰਥ ਤੇ ਕੱਢੀ ਜਾਂਦੀ ਹੈ ?

(ਘ) 'ਗੂੰਗੀ ਕੌਡੀ' ਨੂੰ ਹੋਰ ਕੀ ਕਹਿੰਦੇ ਹਨ ?

(ਙ) ਗੱਪਬਾਜ਼ ਸਮਾਜ ਵਿਚ ਕਿਹੜੀ ਥਾਂ ਰਖਦੇ ਹਨ ?

(ਚ) ਰਾਮਲੀਲਾ ਲਈ ਰਮਾਇਣ ਦੀ ਕਥਾ ਨੂੰ ਕਿੰਨੇ ਭਾਗਾਂ ਵਿਚ ਵੰਡਿਆਂ ਜਾਂਦਾ ਹੈ ?

(ਡ) ਕੱਬਡੀ ਦੇ ਜਗਤ ਪ੍ਰਸਿਧ ਖਿਡਾਰੀ ਦਾ ਨਾਂ ਲਿਖੋ । (1x12=12)

4. ਰਾਣੀ ਸਾਹਿਬ ਕੌਰ ਬਹਾਦਰੀ ਅਤੇ ਤਿਆਗ ਦੀ ਮੂਰਤ ਸਨ ਉਨਾਂ ਦੇ ਜੀਵਨ ਤੋਂ ਤੁਹਾਨੂੰ ਕੀ ਪ੍ਰੇਰਨਾ ਮਿਲਦੀ ਹੈ ?
(ਉੱਤਰ ਲੱਗਭੱਗ 100 ਸ਼ਬਦਾਂ ਵਿਚ) ਜਾਂ

ਮਨੁੱਖ ਆਪਣੇ ਸਵਾਰਥ ਲਈ ਕੁਦਰਤੀ ਸੋਮਿਆਂ ਨੂੰ ਦੂਸ਼ਿਤ ਅਤੇ ਨਸ਼ਟ ਕਰਦਾ ਜਾ ਰਿਹਾ ਹੈ । ਯਾਤਰਾ ਪਾਠ ਦੇ ਅਧਾਰ ਤੇ ਲਿਖੋ ਕਿ ਤੁਸੀਂ ਆਪਣੇ ਆਲੇ-ਦੁਆਲੇ ਵਿਚ ਧੜਾ-ਧੜ ਹੋ ਰਹੀ ਰੁੱਖਾਂ ਦੀ ਕਟਾਈ ਨੂੰ ਰੋਕਣ ਲਈ ਕੀ ਯਤਨ ਕਰੋਗੇ ? (ਉੱਤਰ ਲੱਗਭੱਗ 100 ਸ਼ਬਦਾਂ ਵਿਚ ) 4

5. (ੳ) ਹੇਠ ਲਿਖੇ ਸ਼ਬਦ ਕਿਸਨੇ ਕਿਸਨੂੰ ਕਹੇ :-

1) "ਖੀਰਾ ਨਹੀ ਤਾਂ ਦੋਦਾ ਹੋਵੇਗਾ-ਹੋਰ ਕਿਹੜਾਂ ਇਸ ਦੇ ਇਕੋਤਰ-ਸੌ ਦੰਦ ਹੋਣੇ ਐਂ ।"

2) "ਓਏ ਭੋਲੇ ਕੁੱਕੜ । ਗਿੱਦੜ-ਸਿੰਗੀ ਨਿੱਕੀ ਜਹੀ ਵਾਲਾਂ ਵਾਲੀ ਚੀਜ਼ ਹੁੰਦੀ ਹੈ ।"

3) "ਕੀ ਹੁੰਦੀਆਂ ਨੇ ਕਾਰਾ-ਸ਼ਾਰਾਂ ਬੋਤੇ ਦੇ ਟਾਕਰੇ ਉੱਤੇ ।"

4) ".....ਤੇ ਜਦੋਂ ਜੀਅ ਕਰੇ ਪਿਛਾਂਹ ਮੋੜ ਲਓ ।"

5) "ਮੈਂ ਚਾਹੁੰਦਾ ਹਾਂ ਤੈਨੂੰ ਕੋਈ ਸੁਗਾਤ ਦਿਆਂ ।" (1x5=5)

ਅ) ਸ਼ਬਦਾਂ ਦੇ ਅਰਥ ਲਿਖੋ - 1) ਅਚਨਚੇਤ 2) ਮੋਹ 3) ਮਸਤਕ 4) ਭੈੜ (1x4=4)

## ਭਾਗ ਅ (ਵਿਆਕਰਨ)

6. ੳ) ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ ($\surd$) ਦਾ ਨਿਸ਼ਾਨ ਲਗਾਉ :-

1. 'ਸੁਸਤ' ਦਾ ਵਿਰੋਧੀ ਸ਼ਬਦ ਹੈ - ੳ) ਬਿਮਾਰ ਅ) ਚੁਸਤ ੲ) ਅਰਾਮਦਾਇਕ ਸ) ਹਲਕਾ

2. 'ਇੱਜ਼ਤ' ਦਾ ਵਿਰੋਧੀ ਸ਼ਬਦ ਹੈ - ੳ) ਸਨਮਾਨ ਅ) ਮਾਣ ੲ) ਸ਼ਾਨ ਸ) ਬੇਇੱਜ਼ਤੀ

ਅ) 1. 'ਅਸਲ' ਦੇ ਸਮਾਨਾਰਥਕ ਸ਼ਬਦ ਹਨ - (1x2=2)

ੳ) ਸਰੋਤਾ, ਸਾਧਨ ਅ) ਨਕਲੀ, ਮਾੜਾ ੲ) ਮੂਲ, ਜੜ੍ਹ ਸ) ਖੋਟਾ, ਭੈੜਾ

2.'ਚਾਨਣ' ਦੇ ਸਮਾਨਾਰਥਕ ਸ਼ਬਦ ਹਨ –

ੳ) ਲੋਅ, ਰੋਸ਼ਨੀ  ਅ) ਹਨੇਰਾ, ਰਾਤ  ੲ) ਸਾਫ, ਸੁਥਰਾ  ਸ) ਚਿੱਟਾ, ਚੰਗਾ

ੲ) ਬਹੁਤੇ ਸ਼ਬਦਾਂ ਲਈ ਇਕ ਸ਼ਬਦ ਚੁਣੋ– (1x2=2)

1. ਜਿਸਦੇ ਮਾਪੇ ਮਰ ਗਏ ਹੋਣ –

ੳ) ਔਂਤਰਾਂ  ਅ) ਯਤੀਮ  ੲ) ਇਕੱਲਾ  ਸ) ਬਦਕਿਸਮਤ

2. ਆਪਣੇ ਨਾਲ ਵਾਪਰੀ ਹੋਈ ਘਟਨਾ–

ੳ) ਜੱਗਬੀਤੀ  ਅ) ਹੋਰਬੀਤੀ  ੲ) ਆਪਬੀਤੀ  ਸ) ਸਭਬੀਤੀ

ਸ) 1. 'ਕਮ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ – (1X2=2)

ੳ) ਕਮਾਈ  ਅ) ਕਸਾਈ  ੲ) ਕਲਾਈ  ਸ) ਕਮਜ਼ੋਰ

2. 'ਸਹਿ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ –

ੳ) ਸਹਿਪਾਠੀ  ਅ) ਸਹਿਨ  ੲ) ਸਹਿਜ  ਸ) ਸਹਿਮ

ਹ) 1. 'ਆਈ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ – (1X2=2)

ੳ) ਚੰਗਿਆਈ  ਅ) ਸੁਰਮਈ  ੲ) ਭਲਾਈ  ਸ) ਵਡਿਆਈ

2. 'ਈਲਾ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ –

ੳ) ਚੀਲ  ਅ) ਉਡਾਊ  ੲ) ਕਮਾਊ  ਸ) ਖਰਚੀਲਾ

7. (ੳ) ਸ਼ੁੱਧ ਕਰਕੇ ਲਿਖੋ– (½x4=2)

ੳ) ਕੇਹੜਾ  ਅ) ਸਾਧਾਰਨ  ੲ) ਸ਼ਹੈਰ  ਸ) ਸੂਰਗ

(ਅ) 'ਆਦਰ' ਅਤੇ ਆਂਦਰ ਨੂੰ ਵਾਕਾ ਵਿਚ ਵਰਤ ਕੇ ਅਰਥ–ਭੇਦ ਸਪੱਸ਼ਟ ਕਰੋ । (1+1=2)

8. ਵਿਸ਼ਰਾਮ ਚਿੰਨ ਲਗਾਉ– ਬੱਚੇ ਬੁੱਢੇ ਸਭ ਸੈਰ ਕਰਨ ਲਈ ਜਾਂਦੇ ਹਨ ਵਾਹ ਸਵੇਰੇ ਸਵੇਰੇ ਕਿੰਨੀ ਠੰਡੀ ਹਵਾ ਚਲਦੀ ਹੈ । ਕੀ ਤੁਹਾਨੂੰ ਸੈਰ ਕਰਨੀ ਪਸੰਦ ਹੈ । (½x4=2)

9. ਕਹੇ ਅਨੁਸਾਰ ਵਾਕ ਵਟਾਂਦਰਾਂ ਕਰੋ – (1x4=4)

1. ਸਭ ਮੇਰੇ ਮਿੱਤਰ ਹਨ ।  (ਨਾਂਹਵਾਚਕ ਵਿਚ ਬਦਲੋ)
2. ਮੈਂ ਹਾਲੇ ਸਕੂਲ ਪਹੁੰਚਿਆਂ ਹੀ ਨਹੀ ਸੀ ਕਿ ਘੰਟੀ ਵੱਜ ਗਈ ।  (ਹਾਂ ਵਾਚਕ ਵਿਚ ਬਦਲੋ)
3. ਆਪਣਾ ਨਾਂ ਦੱਸੋ ।  (ਪ੍ਰਸ਼ਨਿਕ ਵਿਚ ਬਦਲੋ)
4. ਗੁਲਾਬ ਬਹੁਤ ਸੁੰਦਰ ਹੈ ।  (ਵਿਸਮਿਕ ਵਿਚ ਬਦਲੋ)

10. ੳ) ਹੇਠ ਲਿਖੇ ਮੁਹਾਵਰਿਆਂ ਵਿਚੋ ਕੋਈ ਚਾਰ ਮੁਹਾਵਰਿਆਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪਸ਼ੱਟ ਹੋ ਜਾਣ :- (1x4=4)

1) ਜਾਨ ਸੁੱਕ ਜਾਣੀ  2) ਖਿਆਲੀ ਪੁਲਾਊ ਪਕਾਉਣਾ  3) ਸਰ ਕਰਨਾ  4) ਊਟ ਪਟਾਂਗ ਬੋਲਣਾ
5) ਅਸਮਾਨ ਨਾਲ ਗੱਲਾਂ ਕਰਨੀਆਂ ।

ਅ) ਹੇਠ ਲਿਖੇ ਅਖਾਂਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ– (1x3=3)

1) ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ ।  2) ਖੂਹ ਪੁੱਟਦੇ ਨੂੰ ਖਾਤਾ ਤਿਆਰ ।
3) ਸਹਿਜ ਪੱਕੇ ਸੋ ਮਿਠਾ ਹੋਏ ।

11. ਹੇਠ ਲਿਖੇ ਪੈਰ੍ਹੇ ਵਿਚੋਂ ਲਕੀਰੇ ਸ਼ਬਦਾਂ ਦੇ ਰੂਪ (ਨਾਂਵ, ਪੜਨਾਂਵ, ਵਿਸ਼ੇਸ਼ਣ,) ਲਿਖੋ ਅਤੇ ਕਿਸਮਾਂ ਵੀ ਦੱਸੋ-
ਸੁਨੀਤਾ ਅਤੇ ਗੁਨੀਤਾਂ ਦੋਵੇਂ ਸਹੇਲੀਆਂ ਹਨ। ਉਹ ਬੜੀਆਂ ਹੁਸ਼ਿਆਰ ਅਤੇ ਆਗਿਆਕਾਰੀ ਹਨ। ਉਨਾਂ ਨੂੰ ਸਭ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਵਰਗਾ ਕੋਈ ਵੀ ਨਹੀਂ ਹੈ। (½ x6=3)

12. ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :-
ਮਨੁੱਖੀ ਜੀਵਨ ਨਿੱਕੀਆਂ-ਨਿੱਕੀਆਂ ਯਾਦਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਵਿਚੋਂ ਕੁਝ ਯਾਦਾਂ ਮਿਠੀਆਂ ਹੁੰਦੀਆਂ ਹਨ ਅਤੇ ਕੁਝ ਕੌੜੀਆਂ ਜੋ ਸਾਡੀ ਯਾਦ ਸ਼ਕਤੀ ਉੱਪਰ ਲੰਮੇ ਸਮੇਂ ਲਈ ਉਲੀਕੀਆਂ ਜਾਂਦੀਆਂ ਹਨ। ਮਿੱਠੀਆਂ ਯਾਦਾਂ ਸਾਨੂੰ ਅਨੰਦ ਦਿੰਦੀਆਂ ਹਨ ਅਤੇ ਕੌੜੀਆਂ ਯਾਦਾਂ ਦੁੱਖੀ ਕਰ ਜਾਂਦੀਆਂ ਹਨ।

1.ਪ੍ਰ:- ਮਨੁੱਖੀ ਜੀਵਨ ਕਿਸ ਨਾਲ ਭਰਿਆ ਹੈ ?

2.ਪ੍ਰ:- ਕਿਹੜੀਆਂ ਯਾਦਾਂ ਸਾਡੀ ਯਾਦ ਸ਼ਕਤੀ ਉਪਰ ਲੰਮੇ ਸਮੇਂ ਲਈ ਉਲੀਕੀਆਂ ਜਾਂਦੀਆਂ ਹਨ ?

3.ਪ੍ਰ:- ਕਿਹੜੀਆਂ ਯਾਦਾਂ ਮਨੁੱਖ ਨੂੰ ਅਨੰਦ ਦਿੰਦੀਆਂ ਹਨ ? (1x3=3)

13. ਡਾਕੀਏ ਦੀ ਲਾਪਰਵਾਹੀ ਲਈ ਪੋਸਟ ਮਾਸਟਰ ਜੀ ਨੂੰ ਸ਼ਿਕਾਇਤ ਪੱਤਰ ਲਿਖੋ। 6

14. ਕਿਸੇ ਇਕ ਵਿਸ਼ੇ ਤੇ ਲੇਖ ਲਿਖੋ :- (150-200 ਸ਼ਬਦਾਂ ਵਿਚ)
1) ਵਿਦਿਆਰਥੀ ਅਤੇ ਖੇਡਾਂ 2) ਪਾਣੀ ਦੀ ਮਹੱਤਤਾ 6